# ਘਾਤਕ ਕਲੇਮਾਂ ਲਈ ਤੁਹਾਡੀ ਸਹਾਇਤਾ ਗਾਈਡ

ICBC

## ਜਾਣ ਪਛਾਣ

ਅਸੀਂ ਜਾਣਦੇ ਹਾਂ ਕਿ ਪਰਿਵਾਰ ਦੇ ਮੈਂਬਰ ਜਾਂ ਕਿਸੇ ਅਜ਼ੀਜ਼ ਦਾ ਅਚਾਨਕ ਚਲੇ ਜਾਣਾ ਭਾਵਨਾਤਮਕ ਅਤੇ ਮਾਨਸਿਕ ਤੌਰ ‘ਤੇ ਗਹਿਰਾ ਪ੍ਰਭਾਵ ਪਾ ਸਕਦਾ ਹੈ। ਇਸ ਮੁਸ਼ਕਿਲ ਸਮੇਂ ਦੌਰਾਨ ਅਸੀਂ ਸਹਾਇਤਾ ਲਈ ਮੌਜੂਦ ਹਾਂ।

ਅਸੀਂ ਤੁਹਾਡੇ ਹਰ ਪ੍ਰਸ਼ਨ ਦਾ ਉੱਤਰ ਦੇਵਾਂਗੇ ਅਤੇ ਜ਼ਰੂਰੀ ਕਾਗਜ਼ੀ ਕਾਰਵਾਈ ਪੂਰੀ ਕਰਨ ਵਿੱਚ ਤੁਹਾਡੀ ਸਹਾਇਤਾ ਕਰਾਂਗੇ। ਜਿੰਨਾ ਸੰਭਵ ਹੋ ਸਕੇ, ਅਸੀਂ ਉਸ ਰਫਤਾਰ ਨਾਲ ਕੰਮ ਕਰਾਂਗੇ ਜੋ ਤੁਹਾਡੇ ਲਈ ਅਨੁਕੂਲ ਹੈ।

ਇਹ ਗਾਈਡ ਇਨਹਾਂਸਡ ਕੇਅਰ ਅਧੀਨ ਨਜ਼ਦੀਕੀ (immediate) ਪਰਿਵਾਰਕ ਮੈਂਬਰਾਂ ਲਈ ਉਪਲਬਧ ਅਧਿਕਾਰਾਂ ਦੇ ਨਾਲ-ਨਾਲ ਵਿੱਤੀ ਅਤੇ ਹੋਰ ਉਪਲਬਧ ਸਹਾਇਤਾ ਬਾਰੇ ਫੈਸਲਾ ਕਰਨ ਲਈ ਵਰਤੇ ਜਾਂਦੇ ਮਾਪਦੰਡਾਂ ਬਾਰੇ ਜਾਣਕਾਰੀ ਦਿੰਦੀ ਹੈ।

ਤੁਹਾਡਾ ਆਈ ਸੀ ਬੀ ਸੀ ਕਲੇਮ ਪ੍ਰਤੀਨਿਧੀ ਤੁਹਾਡੇ ਨਾਲ ਇਸ ਜਾਣਕਾਰੀ ਦੀ ਸਮੀਖਿਆ ਕਰੇਗਾ ਅਤੇ ਉਪਲਬਧ ਅਧਿਕਾਰਾਂ ਅਤੇ ਸਹਾਇਤਾ ਦੀ ਜਾਣਕਾਰੀ ਦੇਵੇਗਾ। ਜੇ ਤੁਹਾਡੇ ਕੋਈ ਪ੍ਰਸ਼ਨ ਹਨ ਜਾਂ ਤੁਹਾਨੂੰ ਹੋਰ ਜਾਣਕਾਰੀ ਦੀ ਜ਼ਰੂਰਤ ਹੈ ਤਾਂ ਤੁਸੀਂ ਆਪਣੇ ਕਲੇਮ ਦੇ ਪ੍ਰਤੀਨਿਧੀ ਨਾਲ ਸੰਪਰਕ ਕਰ ਸਕਦੇ ਹੋ।

## ਸਸਕਾਰ ਦੇ ਖਰਚੇ

ਇਨਹਾਂਸਡ ਐਕਸੀਡੈਂਟ ਲਾਭ ਸਸਕਾਰ ਜਾਂ ਦਫ਼ਨਾਉਣ ਦੇ ਖਰਚਿਆਂ ਲਈ $10,347 (ਪ੍ਰਤੀ ਮ੍ਰਿਤਕ, ਟੈਕਸ ਸਮੇਤ) ਪ੍ਰਦਾਨ ਕਰਦੇ ਹਨ।

ਸਸਕਾਰ ਦੇ ਖਰਚਿਆਂ ਵਿੱਚ ਮ੍ਰਿਤਕ ਦੇਹ ਲਈ ਟਰਾਂਸਪੋਰਟ, ਅੰਤਿਮ ਸਸਕਾਰ ਜਾਂ ਦਫ਼ਨਾਉਣ ਦੀਆਂ ਸੇਵਾਵਾਂ, ਸਸਕਾਰ, ਕਬਰਸਤਾਨ ਵਿੱਚ ਦਫ਼ਨਾਉਣ ਦਾ ਪਲਾਟ ਅਤੇ ਕਬਰ ਮਾਰਕਰ ਸ਼ਾਮਲ ਹੋ ਸਕਦੇ ਹਨ। ਤੁਹਾਡਾ ਕਲੇਮ ਪ੍ਰਤੀਨਿਧੀ ਸਲਾਹ ਦੇ ਸਕਦਾ ਹੈ ਕਿ ਇਸ ਕਵਰੇਜ ਅਧੀਨ ਹੋਰ ਕਿਹੜੇ ਸੰਬੰਧਿਤ ਖਰਚਿਆਂ ਨੂੰ ਵਿਚਾਰਿਆ ਜਾ ਸਕਦਾ ਹੈ।

ਅਸੀਂ ਅੰਤਿਮ ਸਸਕਾਰ ਦੇ ਖਰਚਿਆਂ ਦਾ ਭੁਗਤਾਨ ਸਿੱਧੇ ਤੌਰ ‘ਤੇ ਕਰ ਸਕਦੇ ਹਾਂ ਜਾਂ ਉਸ ਵਿਅਕਤੀ ਨੂੰ ਭੁਗਤਾਨ ਕਰ ਸਕਦੇ ਹਾਂ ਜਿਸ ਨੇ ਖਰਚੇ ਕੀਤੇ ਹਨ। ਅਦਾਇਗੀ ਬਿੱਲਾਂ ਜਾਂ ਰਸੀਦਾਂ ਦੀਆਂ ਕਾਪੀਆਂ ‘ਤੇ ਆਧਾਰਿਤ ਹੋਵੇਗੀ।

## ਸੋਗ ਕਾਊਂਸਲਿੰਗ

ਹਰੇਕ ਪਰਿਵਾਰਕ ਮੈਂਬਰ * ਸੋਗ ਕਾਊਂਸਲਿੰਗ ਲਈ ਪ੍ਰਤੀ ਮ੍ਰਿਤਕ $4,327 ਤੱਕ ਦਾ ਹੱਕਦਾਰ ਹੈ। ਇਹ ਹੋਰ ਲੋਕਾਂ ਦੇ ਨਾਲ ਨਾਲ ਕੌਂਸਲਰ, ਮਾਨਸਿਕ ਰੋਗਾਂ ਦੇ ਮਾਹਰ( ਸਾਈਕਿਐਟਰਿਸਟ), ਧਾਰਮਿਕ ਪ੍ਰਤੀਨਿਧ ਜਾਂ ਮੂਲਵਾਸੀ ਬਜ਼ੁਰਗ ਦੁਆਰਾ ਮੁਹੱਈਆ ਕੀਤੀ ਜਾ ਸਕਦੀ ਹੈ। ਆਪਣੇ ਕਲੇਮ ਦੇ ਪ੍ਰਤੀਨਿਧੀ ਨਾਲ ਗੱਲ ਕਰੋ ਕਿ ਕਿਹੜੀ ਕਾਊਂਸਲਿੰਗ ਕਵਰ ਹੈ।

ਰਿਹਾਇਸ਼ ਅਤੇ ਯਾਤਰਾ ਦੇ ਖਰਚਿਆਂ ਨੂੰ ਪਹਿਲਾਂ ਤੋਂ ਪ੍ਰਵਾਨਗੀ ਦਿੱਤੀ ਜਾ ਸਕਦੀ ਹੈ, ਜਦੋਂ ਕਿਸੇ ਪਰਿਵਾਰਕ ਮੈਂਬਰ ਨੂੰ ਸੋਗ ਕਾਊਂਸਲਿੰਗ ਲਈ ਆਪਣੇ ਘਰ ਦੀ ਕਮਿਊਨਟੀ ਤੋਂ 50 ਕਿਲੋਮੀਟਰ (ਵਨ-ਵੇਅ) ਤੋਂ ਵੱਧ ਯਾਤਰਾ ਕਰਨੀ ਪਵੇ। ਵਿੱਤੀ ਸਹਾਇਤਾ ਉਦੋਂ ਤਕ ਉਪਲਬਧ ਹੁੰਦੀ ਹੈ, ਜਦੋਂ ਤਕ ਇਹ ਅਦਾਇਗੀ ਦੀ ਵੱਧ ਤੋਂ ਵੱਧ ਰਕਮ ਤੱਕ ਨਹੀਂ ਪਹੁੰਚ ਜਾਂਦੀ।

ਕਾਊਂਸਲਿੰਗ ਦੇਣ ਵਾਲੇ ਕੁਝ ਲੋਕ ਆਈ ਸੀ ਬੀ ਸੀ ਨੂੰ ਕਾਊਂਸਲਿੰਗ ਸੈਸ਼ਨਾਂ ਲਈ ਸਿੱਧਾ ਬਿੱਲ ਦੇ ਸਕਦੇ ਹਨ ਜਾਂ ਪਰਿਵਾਰਕ ਮੈਂਬਰ ਅਦਾਇਗੀ ਕਰ ਸਕਦੇ ਹਨ ਅਤੇ ਫੇਰ ਜਮ੍ਹਾਂ ਰਸੀਦਾਂ ਦੇ ਅਧਾਰ ’ਤੇ ਅਦਾਇਗੀ ਲੈ ਸਕਦੇ ਹਨ।

ਕਾਊਂਸਲਿੰਗ ਦੇ ਸੈਸ਼ਨਾਂ ਲਈ ਹਰ ਇਕ ਸੈਸ਼ਨ ਲਈ ਵੱਧ ਤੋਂ ਵੱਧ $140 ਤੱਕ ਦੀ ਰਕਮ ਅਤੇ ਮਨੋਵਿਗਿਆਨ ਦੇ ਸੈਸ਼ਨਾਂ ਲਈ ਹਰ ਇਕ ਸੈਸ਼ਨ ਲਈ ਵੱਧ ਤੋਂ ਵੱਧ $228 ਤੱਕ ਦੀ ਰਕਮ ਅਦਾਇਗੀ ਯੋਗ ਹੈ।

* ਮ੍ਰਿਤਕ ਦੇ ਪਰਿਵਾਰ ਵਿੱਚ ਸ਼ਾਮਲ ਹਨ: ਪਤੀ / ਪਤਨੀ, ਸਾਥੀ, ਬੱਚੇ, ਮਤਰੇਏ ਬੱਚੇ, ਮਾਪੇ, ਮਤਰੇਏ-ਮਾਂ-ਪਿਓ, ਦਾਦਾ-ਦਾਦੀ, ਨਾਨਾ-ਨਾਨੀ, ਸਰਪ੍ਰਸਤ, ਭੈਣ-ਭਰਾ, ਮਤਰੇਏ ਭੈਣ-ਭਰਾ ਅਤੇ ਹੋਰ ਜਿਨ੍ਹਾਂ ਦਾ ਮ੍ਰਿਤਕ ਨਾਲ ਪਰਿਵਾਰ ਵਰਗਾ ਰਿਸ਼ਤਾ ਸੀ।

### ਨੋਟਸ

# ਨਜ਼ਦੀਕੀ ਪਰਿਵਾਰ ਨੂੰ ਅਦਾਇਗੀ

ਪਤੀ / ਪਤਨੀ, ਕਾਮਨ-ਲਾਅ ਪਾਰਟਨਰ, ਨਿਰਭਰ ਅਤੇ, ਕੁਝ ਮਾਮਲਿਆਂ ਵਿੱਚ, ਵੱਡੇ ਬੱਚੇ ਅਤੇ ਗੰਭੀਰ ਰੂਪ ਵਿੱਚ ਜ਼ਖਮੀ ਹੋਏ ਵਿਅਕਤੀ ਦੇ ਮਾਪੇ, ਇਨਹਾਂਸਡ ਕੇਅਰ ਅਧੀਨ ਇੱਕਮੁਸ਼ਤ ਰਕਮ ਦੇ ਯੋਗ ਹਨ।

## ਪਤੀ / ਪਤਨੀ ਜਾਂ ਕਾਮਨ-ਲਾਅ ਪਾਰਟਨਰ ਨੂੰ ਭੁਗਤਾਨ

ਇਨਹਾਂਸਡ ਐਕਸੀਡੈਂਟ ਬੈਨੀਫਿਟ ਜੀਵਤ ਬਚੇ ਹੋਏ ਪਤੀ / ਪਤਨੀ ਜਾਂ ਕਾਮਨ-ਲਾਅ ਪਾਰਟਨਰ ਨੂੰ ਇੱਕਮੁਸ਼ਤ ਰਾਸ਼ੀ ਅਦਾ ਕਰਦੇ ਹਨ। ਅਦਾ ਕੀਤੀ ਗਈ ਰਕਮ ਹਾਦਸੇ ਦੇ ਸਮੇਂ ਮ੍ਰਿਤਕ ਦੀ ਉਮਰ ਅਤੇ ਆਮਦਨੀ ਉੱਤੇ ਨਿਰਭਰ ਕਰਦੀ ਹੈ। ਘੱਟੋ ਘੱਟ ਭੁਗਤਾਨ $75,915 ਹੈ।

**ਪਤੀ / ਪਤਨੀ:** ਉਹ ਵਿਅਕਤੀ ਹੈ ਜਿਸ ਦਾ ਵਿਆਹ ਹੋਇਆ ਸੀ ਅਤੇ ਉਹ ਉਸ ਵਿਅਕਤੀ ਦੇ ਨਾਲ ਰਹਿੰਦਾ ਸੀ ਜਦੋਂ ਉਸ ਦੇ ਗੰਭੀਰ ਸੱਟ ਲੱਗੀ ਸੀ।

**ਕਾਮਨ-ਲਾਅ ਪਾਰਟਨਰ:** ਉਹ ਵਿਅਕਤੀ ਹੈ ਜੋ ਘਾਤਕ ਸੱਟ ਲੱਗਣ ਤੋਂ ਪਹਿਲਾਂ ਘੱਟੋ ਘੱਟ ਦੋ ਸਾਲਾਂ ਤੋਂ ਉਸ ਵਿਅਕਤੀ ਨਾਲ ਵਿਆਹ ਵਰਗੇ ਰਿਸ਼ਤੇ ਵਿੱਚ ਰਹਿ ਰਿਹਾ ਸੀ।

ਜੇ ਇਹ ਲਾਭ ਪ੍ਰਾਪਤ ਕਰਨ ਲਈ ਕੋਈ ਪਤੀ / ਪਤਨੀ ਨਹੀਂ ਹੈ, ਤਾਂ ਉਹ ਰਕਮ ਨਿਰਭਰ ਬੱਚਿਆਂ ਨੂੰ ਮਿਲੇਗੀ, ਜੋ ਨਹੀਂ ਤਾਂ ਪਤੀ / ਪਤਨੀ ਨੂੰ ਮਿਲਣੀ ਸੀ।


## ਨੋਟਸ

## ਭੁਗਤਾਨ ਰਾਸ਼ੀ ਨਿਰਧਾਰਤ ਕਰਨਾ

ਜੇ ਟੱਕਰ ਦੇ ਸਮੇਂ ਮ੍ਰਿਤਕ ਨੌਕਰੀ ਕਰਦਾ ਸੀ, ਤਾਂ ਭੁਗਤਾਨ ਵਿਅਕਤੀ ਦੀ ਕੁੱਲ ਸਾਲਾਨਾ ਰੁਜ਼ਗਾਰ ਆਮਦਨੀ ਅਤੇ ਉਮਰ ਦੇ ਆਧਾਰ 'ਤੇ ਹੋਵੇਗਾ।

ਪਤੀ ਜਾਂ ਪਤਨੀ ਜਾਂ ਕਾਮਨ-ਲਾਅ ਪਾਰਟਨਰ ਨੂੰ ਪ੍ਰਾਪਤ ਹੋਣ ਵਾਲੀ ਰਕਮ ਦਾ ਹਿਸਾਬ ਲਾਉਣ ਲਈ, ਅਸੀਂ ਕੁੱਲ ਸਾਲਾਨਾ ਰੁਜ਼ਗਾਰ ਆਮਦਨੀ ਨੂੰ 1 ਤੋਂ 5 ਤੱਕ ਗੁਣਾ ਕਰਦੇ ਹਾਂ, ਜਿਵੇਂ ਕਿ ਹੇਠ ਦਿੱਤੇ ਚਾਰਟ ਵਿੱਚ ਦਿਖਾਇਆ ਗਿਆ ਹੈ:

### ਇਹ ਚਾਰਟ ਭੁਗਤਾਨ ਕਾਰਕਾਂ ਅਤੇ ਉਮਰ ਵਿਚਕਾਰ ਸੰਬੰਧ ਨੂੰ ਦਰਸਾਉਂਦਾ ਹੈ।




ਜੇ ਐਕਸੀਡੈਂਟ ਦੇ ਸਮੇਂ ਮ੍ਰਿਤਕ ਬੇਰੁਜ਼ਗਾਰ ਸੀ ਅਤੇ ਇਨਕਮ ਰਿਪਲੇਸਮੈਂਟ ਲਾਭਾਂ ਦਾ ਹੱਕਦਾਰ ਨਹੀਂ ਸੀ, ਤਾਂ ਪਤੀ / ਪਤਨੀ ਜਾਂ ਕਾਮਨ-ਲਾਅ ਪਾਰਟਨਰ ਨੂੰ $75,915 ਦਾ ਘੱਟੋ ਘੱਟ ਇੱਕਮੁਸ਼ਤ ਭੁਗਤਾਨ ਮਿਲੇਗਾ।

ਜੇ ਉਸਦਾ ਜੀਵਤ ਜੀਵਨ-ਸਾਥੀ ਅਪਾਹਜ ਹੈ, ਤਾਂ ਭੁਗਤਾਨ ਦੀ ਰਕਮ ਨਿਰਧਾਰਤ ਕਰਨ ਲਈ ਵੱਖਰੇ ਤੱਥਾਂ ਦੀ ਵਰਤੋਂ ਕੀਤੀ ਜਾਵੇਗੀ। ਵਧੇਰੇ ਜਾਣਕਾਰੀ ਲਈ ਆਪਣੇ ਕਲੇਮ ਦੇ ਪ੍ਰਤੀਨਿਧੀ ਨਾਲ ਗੱਲ ਕਰੋ।

## ਨਿਰਭਰ ਵਿਅਕਤੀਆਂ ਨੂੰ ਅਦਾਇਗੀ

ਇਨਹਾਂਸਡ ਐਕਸੀਡੈਂਟ ਬੈਨੀਫਿਟ ਨਿਰਭਰ ਵਿਅਕਤੀ (ਡਿਪੈਂਨਡੈਂਟ) ਨੂੰ $36,057 ਤੋਂ $67,996 ਦਾ ਭੁਗਤਾਨ ਕਰਦੇ ਹਨ, ਜੋ ਮ੍ਰਿਤਕ ਦੀ ਮੌਤ ਸਮੇਂ ਨਿਰਭਰ ਵਿਅਕਤੀ ਦੀ ਉਮਰ 'ਤੇ ਨਿਰਭਰ ਕਰਦਾ ਹੈ।

**ਨਿਰਭਰ ਵਿਅਕਤੀ ਹੇਠ ਲਿਖਿਆਂ ਵਿੱਚੋਂ ਕੋਈ ਵੀ ਹੋ ਸਕਦਾ ਹੈ:**

- ਉਹ ਬੱਚਾ ਜੋ ਐਕਸੀਡੈਂਟ ਸਮੇਂ 19 ਸਾਲ ਤੋਂ ਘੱਟ ਉਮਰ ਦਾ ਸੀ, ਜਿਸ ਲਈ ਮ੍ਰਿਤਕ ਕਾਨੂੰਨੀ ਤੌਰ 'ਤੇ ਜ਼ਿੰਮੇਵਾਰ ਸੀ ਅਤੇ ਜਿਹੜਾ ਵਿੱਤੀ ਸਹਾਇਤਾ ਲਈ ਮ੍ਰਿਤਕ 'ਤੇ ਨਿਰਭਰ ਸੀ।

- 19 ਸਾਲ ਜਾਂ ਇਸ ਤੋਂ ਵੱਡਾ ਬੱਚਾ, ਜਿਹੜਾ ਮਾਨਸਿਕ ਜਾਂ ਸਰੀਰਕ ਅਪਾਹਜਤਾ ਦੇ ਕਾਰਨ ਮ੍ਰਿਤਕ ਦੇ ਨਾਲ ਰਹਿੰਦਾ ਸੀ ਅਤੇ ਵਿੱਤੀ ਤੌਰ 'ਤੇ ਮ੍ਰਿਤਕ 'ਤੇ ਨਿਰਭਰ ਕਰਦਾ ਸੀ।

- 19 ਸਾਲ ਜਾਂ ਇਸ ਤੋਂ ਵੱਡਾ ਬੱਚਾ ਜੋ ਕਿਸੇ ਮਾਨਸਿਕ ਜਾਂ ਸਰੀਰਕ ਅਪਾਹਜਤਾ ਕਾਰਨ ਮ੍ਰਿਤਕ ਉੱਤੇ ਵਿੱਤੀ ਤੌਰ 'ਤੇ ਨਿਰਭਰ ਕਰਦਾ ਸੀ ਅਤੇ ਜੋ ਕਿਸੇ ਦੇਖਭਾਲ ਵਾਲੀ ਥਾਂ (ਕੇਅਰ ਫੈਸਿਲਟੀ) ਵਿਚ ਰਹਿਣ ਤੋਂ ਪਹਿਲਾਂ ਮ੍ਰਿਤਕ ਦੇ ਨਾਲ ਰਹਿੰਦਾ ਸੀ।

- ਜੀਵਨ ਸਾਥੀ ਜੋ ਐਕਸੀਡੈਂਟ ਸਮੇਂ ਮ੍ਰਿਤਕ ਨਾਲ ਨਹੀਂ ਰਹਿ ਰਿਹਾ ਸੀ ਅਤੇ ਵੱਖ ਨਹੀਂ ਹੋਇਆ ਸੀ।

- ਸਾਬਕਾ ਪਤੀ / ਪਤਨੀ, ਜੋ ਮ੍ਰਿਤਕ ਤੋਂ ਕਾਨੂੰਨੀ ਤੌਰ 'ਤੇ ਸਪਾਊਸਲ-ਸਪੋਰਟ ਪ੍ਰਾਪਤ ਕਰਨ ਦਾ ਹੱਕਦਾਰ ਹੈ।

- ਮਾਤਾ-ਪਿਤਾ ਜੋ ਦੁਰਘਟਨਾ ਦੇ ਸਮੇਂ ਮ੍ਰਿਤਕ ਦੇ ਨਾਲ ਰਹਿੰਦੇ ਸਨ ਅਤੇ ਅਤੇ ਉਸ ਉੱਪਰ ਆਰਥਿਕ ਰੂਪ ਵਿੱਚ ਨਿਰਭਰ ਸਨ।

- ਮਾਤਾ ਜਾਂ ਪਿਤਾ ਜੋ ਦੇਖਭਾਲ ਦੀਆਂ ਲੋੜਾਂ ਦੇ ਕਾਰਨ ਲੌਂਗ ਟਰਮ ਕੇਅਰ ਵਾਲੀ ਥਾਂ ਵਿੱਚ ਰਹਿੰਦੇ ਹਨ ਅਤੇ ਮ੍ਰਿਤਕ ਤੋਂ ਜ਼ਿਆਦਾਤਰ ਵਿੱਤੀ ਸਹਾਇਤਾ ਪ੍ਰਾਪਤ ਕਰਦੇ ਹਨ।

## ਅਪਾਹਜਤਾ ਵਾਲੇ ਨਿਰਭਰ ਵਿਅਕਤੀ

ਅਪਾਹਜਤਾ ਵਾਲਾ ਨਿਰਭਰ ਵਿਅਕਤੀ $33,212 ਦੀ ਵਾਧੂ ਅਦਾਇਗੀ ਦਾ ਹੱਕਦਾਰ ਹੈ।

ਇਹ ਉਹ ਲੋਕ ਹਨ ਜੋ ਅਣਮਿੱਥੇ ਸਮੇਂ ਦੀ ਸਰੀਰਕ ਜਾਂ ਮਾਨਸਿਕ ਅਪਾਹਜਤਾ ਕਾਰਨ ਕੋਈ ਲਾਭਕਾਰੀ ਰੁਜ਼ਗਾਰ ਪ੍ਰਾਪਤ ਕਰਨ ਦੇ ਅਯੋਗ ਹੁੰਦੇ ਹਨ। ਉਨ੍ਹਾਂ ਦੀ ਅਪਾਹਜਤਾ ਦਾ ਮੌਤ ਦੇ ਸਮੇਂ ਹੋਣਾ ਜ਼ਰੂਰੀ ਹੈ। ਤੁਹਾਡਾ ਕਲੇਮ ਪ੍ਰਤੀਨਿਧੀ ਉਨ੍ਹਾਂ ਤਰੀਕਿਆਂ ਬਾਰੇ ਵਿਚਾਰ ਕਰੇਗਾ ਜਿਨ੍ਹਾਂ ਵਿੱਚ ਇਸ ਅਧਿਕਾਰ ਦੀ ਪੁਸ਼ਟੀ ਕੀਤੀ ਜਾ ਸਕਦੀ ਹੈ।

## ਇਕੱਲੇ ਮਾਪਿਆਂ 'ਤੇ ਨਿਰਭਰ ਵਿਅਕਤੀ ਨੂੰ ਭੁਗਤਾਨ

ਜਦੋਂ ਇੱਕਲਾ ਮਾਪਾ (ਸਿੰਗਲ ਪੇਰੈਂਟ) ਗੰਭੀਰ ਜ਼ਖਮੀ ਹੋ ਜਾਂਦਾ ਹੈ, ਤਾਂ ਇਨਹਾਂਸਡ ਐਕਸੀਡੈਂਟ ਲਾਭ ਨਿਰਭਰ ਬੱਚਿਆਂ ਨੂੰ ਦੋ ਭੁਗਤਾਨ ਪ੍ਰਦਾਨ ਕਰਦੇ ਹਨ:

- ਨਿਰਭਰ ਬੱਚੇ ਲਈ ਨਿਯਮਤ ਅਦਾਇਗੀ।

- ਉਹ ਭੁਗਤਾਨ ਨਿਰਭਰ ਬੱਚਿਆਂ ਵਿੱਚ ਬਰਾਬਰ ਵੰਡਿਆ ਜਾਂਦਾ, ਜਿਹੜਾ ਭੁਗਤਾਨ ਪਤੀ / ਪਤਨੀ ਜਾਂ ਕਾਮਨ ਲਾਅ ਪਾਰਟਨਰ ਨੂੰ ਦਿੱਤਾ ਜਾਣਾ ਸੀ, ਜੇ ਉਹਨਾਂ ਵਿੱਚੋਂ ਕੋਈ ਹੁੰਦਾ ਤਾਂ।

ਇਹ ਭੁਗਤਾਨ ਢਾਂਚਾ ਮੰਨਦਾ ਹੈ ਕਿ ਇਕੱਲੇ ਮਾਪੇ ਦੇ ਨਿਰਭਰਾਂ ਕੋਲ ਵਿੱਤੀ ਸਰੋਤ ਸੀਮਤ ਹੋ ਸਕਦੇ ਹਨ ਅਤੇ ਇਹ ਕੁਝ ਵਾਧੂ ਵਿੱਤੀ ਸਹਾਇਤਾ ਪ੍ਰਦਾਨ ਕਰਦਾ ਹੈ।

# ਹੋਰ ਸਥਿਤੀਆਂ ਵਿੱਚ ਭੁਗਤਾਨ

## ਕੋਈ ਪਤੀ / ਪਤਨੀ, ਕਾਮਨ-ਲਾਅ ਪਾਰਟਨਰ ਜਾਂ ਨਿਰਭਰ ਨਹੀਂ

ਜੇ ਮ੍ਰਿਤਕ ਦਾ ਕੋਈ ਪਤੀ / ਪਤਨੀ, ਕਾਮਨ-ਲਾਅ ਪਾਰਟਨਰ ਜਾਂ ਨਿਰਭਰ ਨਾ ਹੋਵੇ ਤਾਂ, ਗੈਰ-ਨਿਰਭਰ ਮਾਪੇ ਅਤੇ ਗੈਰ-ਨਿਰਭਰ ਬੱਚੇ ਹਰੇਕ ਨੂੰ, $16,906 ਦੀ ਇੱਕਮੁਸ਼ਤ ਰਕਮ ਪ੍ਰਾਪਤ ਹੁੰਦੀ ਹੈ।

## ਦੇਖਭਾਲ ਪ੍ਰਦਾਨ ਕਰਨ ਵਾਲੇ

ਜੇ ਐਕਸੀਡੈਂਟ ਦੇ ਸਮੇਂ ਮ੍ਰਿਤਕ ਦਾ ਮੁੱਖ ਕਿੱਤਾ 16 ਸਾਲ ਤੋਂ ਘੱਟ ਉਮਰ ਦੇ ਬੱਚੇ ਜਾਂ ਕਿਸੇ ਅਪਾਹਜ ਵਿਅਕਤੀ, ਜੋ ਕੋਈ ਰੁਜ਼ਗਾਰ ਪ੍ਰਾਪਤ ਕਰਨ ਤੋਂ ਅਸਮਰੱਥ ਹੈ, ਦੀ ਬਿਨਾਂ ਪੈਸੇ ਦੇ ਨਿਯਮਤ ਤੌਰ 'ਤੇ ਸੰਭਾਲ ਪ੍ਰਦਾਨ ਕਰਨਾ ਸੀ ਤਾਂ ਦੇਖਭਾਲ ਕਰਨ ਵਾਲਾ ਹਫਤਾਵਾਰੀ ਲਾਭ ਉਪਲਬੱਧ ਹੋ ਸਕਦਾ ਹੈ। ਤੁਹਾਡਾ ਕਲੇਮ ਪ੍ਰਤੀਨਿਧੀ ਤੁਹਾਨੂੰ ਸਲਾਹ ਦੇ ਸਕਦਾ ਹੈ ਕਿ ਇਸ ਕਵਰੇਜ ਲਈ ਕਿਵੇਂ ਅਪਲਾਈ ਕੀਤਾ ਜਾਵੇ।

# ਸ਼ੁਰੂਆਤ ਕਿਵੇਂ ਕਰੀਏ

ਅਸੀਂ ਇਸ ਮੁਸ਼ਕਿਲ ਸਮੇਂ ਦੌਰਾਨ ਸਹਾਇਤਾ ਲਈ ਮੌਜੂਦ ਹਾਂ। ਜਿੰਨਾ ਸੰਭਵ ਹੋ ਸਕੇ, ਅਸੀਂ ਉਸ ਰਫਤਾਰ ਨਾਲ ਕੰਮ ਕਰਾਂਗੇ ਜੋ ਤੁਹਾਡੇ ਲਈ ਅਨੁਕੂਲ ਹੈ, ਅਸੀਂ ਸਿਰਫ ਉਹ ਜਾਣਕਾਰੀ ਮੰਗਾਗੇ ਜੋ ਤੁਹਾਡੇ ਕਲੇਮ ਲਈ ਜ਼ਰੂਰੀ ਹੈ ਅਤੇ ਇਹ ਯਕੀਨੀ ਬਣਾਂਵਾਗੇ ਕਿ ਤੁਹਾਨੂੰ ਢੁਕਵਾਂ ਹੱਕ (ਇੰਟਾਈਟਲਮੈਂਟ) ਪ੍ਰਾਪਤ ਹੋਵੇ।

## ਦਸਤਾਵੇਜ਼ ਚੈੱਕਲਿਸਟ

ਹੇਠਾਂ ਦਿੱਤੀ ਗਈ ਸੂਚੀ ਤੁਹਾਨੂੰ ਲੋੜੀਂਦੇ ਦਸਤਾਵੇਜ਼ ਇਕੱਠੇ ਕਰਨ ਵਿੱਚ ਸਹਾਇਤਾ ਕਰੇਗੀ। ਤੁਹਾਡਾ ਕਲੇਮ ਪ੍ਰਤੀਨਿਧੀ ਤੁਹਾਡੇ ਖਾਸ ਕਲੇਮ ਜਾਂ ਖਰਚੇ ਨਾਲ ਸੰਬੰਧਿਤ ਦਸਤਾਵੇਜ਼ਾਂ ਦੀ ਪਛਾਣ ਕਰੇਗਾ ਅਤੇ ਤੁਹਾਨੂੰ ਦੱਸ ਦੇਵੇਗਾ ਕਿ ਉਹ ਤੁਹਾਨੂੰ ਕਿਹੜੇ ਦਸਤਾਵੇਜ਼ ਜਾਂ ਫਾਰਮ ਪ੍ਰਦਾਨ ਕਰੇਗਾ।

ਲੋੜੀਂਦੇ ਦਸਤਾਵੇਜ਼ਾਂ ਦੀਆਂ ਕਾਪੀਆਂ ਇੱਕਮੁਸ਼ਤ ਭੁਗਤਾਨ ਕੀਤੇ ਜਾਣ ਤੋਂ ਪਹਿਲਾਂ ਮਿਲਣੀਆਂ ਜ਼ਰੂਰੀ ਹਨ।

ਅੰਤਮ ਸਸਕਾਰ ਦੇ ਖਰਚਿਆਂ ਅਤੇ ਸੋਗ ਕੌਂਸਲਿੰਗ ਦੇ ਖਰਚਿਆਂ ਦੀ ਅਦਾਇਗੀ ਜਾਂ ਭਰਪਾਈ ਲਈ ਤੁਹਾਨੂੰ ਆਪਣੇ ਬਿੱਲਾਂ ਜਾਂ ਰਸੀਦਾਂ ਦੀ ਇੱਕ ਕਾਪੀ ਪ੍ਰਦਾਨ ਕਰਨੀ ਪਵੇਗੀ।

**ਜਿਹਨਾਂ ਦਸਤਾਵੇਜ਼ਾਂ ਦੀ ਤੁਹਾਨੂੰ ਜ਼ਰੂਰਤ ਹੈ:**

- ☐ ਸਸਕਾਰ ਦੇ ਖਰਚਿਆਂ ਲਈ ਬਿੱਲ ਜਾਂ ਰਸੀਦਾਂ ਦੀ ਕਾਪੀ
- ☐ ਸੋਗ ਕਾਉਂਸਲਿੰਗ ਸੈਸ਼ਨਾਂ ਲਈ ਬਿੱਲ ਜਾਂ ਰਸੀਦਾਂ ਦੀ ਕਾਪੀ
- ☐ ਮੌਤ ਦੇ ਸਬੂਤ ਦੇ ਸਰਟੀਫਿਕੇਟ ਦੀ ਕਾਪੀ (ਪੈਥੋਲੋਜਿਸਟ, ਕੋਰੋਨਰ ਜਾਂ ਮੈਡੀਕਲ ਜਾਂਚਕਰਤਾ ਤੋਂ)
- ☐ ਅੰਤਿਮ ਸਸਕਾਰ ਦੇ (ਫਿਊਨਰਲ) ਡਾਇਰੈਕਟਰ ਦੇ ਮੌਤ ਦੇ ਸਰਟੀਫਿਕੇਟ ਦੀ ਕਾਪੀ
- ☐ ਅਪਾਹਜਤਾ ਦੇ ਸਰਟੀਫਿਕੇਟ ਦੀ ਕਾਪੀ (ਡਾਕਟਰ ਤੋਂ)
- ☐ ਟੈਕਸ ਰਿਟਰਨ ਦੀ ਕਾਪੀ (ਪਿਛਲੇ ਤਿੰਨ ਸਾਲਾਂ ਦੀ, ਜੇ ਮ੍ਰਿਤਕ ਆਪਣਾ ਖੁਦ ਦਾ ਕੰਮ ਕਰਦਾ ਸੀ)
- ☐ ਵਿਆਹ ਦੇ ਸਰਟੀਫਿਕੇਟ ਦੀ ਕਾਪੀ
- ☐ ਬੱਚੇ (ਬੱਚਿਆਂ) ਦੇ ਜਨਮ ਸਰਟੀਫਿਕੇਟ/ਸਰਟੀਫਿਕੇਟਾਂ ਦੀ ਕਾਪੀ
- ☐ ਕਮਾਈ ਦੇ ਫਾਰਮ ਦੀ ਮਾਲਕ ਦੁਆਰਾ ਤਸਦੀਕ

## ਨੋਟਸ

# ਜੇਕਰ ਤੁਹਾਨੂੰ ਚਿੰਤਾਵਾਂ ਹਨ

ਸਾਡਾ ਉਦੇਸ਼ ਆਪਣੇ ਸਾਰੇ ਗਾਹਕਾਂ ਨਾਲ ਨਿਰਪੱਖ ਅਤੇ ਇਕਸਾਰਤਾ ਨਾਲ ਪੇਸ਼ ਆਉਣਾ ਹੈ ਅਤੇ ਅਸੀਂ ਇਹ ਦੱਸਣ ਦੀ ਹਰ ਸੰਭਵ ਕੋਸ਼ਿਸ਼ ਕਰਦੇ ਹਾਂ ਕਿ ਕਿਵੇਂ ਫੈਸਲੇ ਲਏ ਜਾਂਦੇ ਹਨ। ਜੇ ਹੱਕਾਂ ਜਾਂ ਭੁਗਤਾਨਾਂ ਬਾਰੇ ਮਤਭੇਦ ਪੈਦਾ ਹੁੰਦੇ ਹਨ, ਤਾਂ ਮਸਲੇ ਨੂੰ ਸੁਲਝਾਉਣ ਦੀ ਕੋਸ਼ਿਸ਼ ਕਰਨ ਦਾ ਪਹਿਲਾ ਕਦਮ ਹੈ, ਆਪਣੇ ਕਲੇਮ ਦੇ ਪ੍ਰਤੀਨਿਧੀ ਨਾਲ ਫੈਸਲੇ ਬਾਰੇ ਵਿਚਾਰ ਵਟਾਂਦਰਾ ਕਰਨਾ।

ਜੇ ਕਲੇਮ ਦੇ ਪ੍ਰਤੀਨਿਧੀ ਨਾਲ ਮਾਮਲਾ ਹੱਲ ਨਹੀਂ ਹੋ ਸਕਦਾ, ਤਾਂ ਉਸ ਦੇ ਮੈਨੇਜਰ ਨਾਲ ਗੱਲ ਕਰੋ। ਮੈਨੇਜਰ ਤੁਹਾਡੇ ਕਲੇਮ ਦੀਆਂ ਸਥਿਤੀਆਂ ਦੀ ਸਮੀਖਿਆ ਕਰੇਗਾ। ਜੇ ਮੈਨੇਜਰ ਅਜੇ ਵੀ ਅਸਹਿਮਤੀ ਨੂੰ ਹੱਲ ਨਾ ਕਰ ਸਕੇ, ਤਾਂ ਉਹ ਇਸ ਨੂੰ ਆਈ ਸੀ ਬੀ ਸੀ ਕਲੇਮਜ਼ ਡਿਸੀਜ਼ਨ ਰਿਵਿਊ ਪ੍ਰੋਸੈੱਸ ਕੋਲ ਭੇਜ ਸਕਦਾ ਹੈ। ਇਹ ਪ੍ਰਕਿਰਿਆ ਸਾਡੇ ਕਲੇਮ ਨਾਲ ਨਿਪਟਣ ਵਾਲੇ ਵਿਭਾਗ ਤੋਂ ਸੁਤੰਤਰ ਹੈ।

## ਹੋਰ ਚੋਣਾਂ

ਜੇ ਤੁਸੀਂ ਅਜੇ ਵੀ ਨਤੀਜਿਆਂ ਤੋਂ ਖੁਸ਼ ਨਹੀਂ ਹੋ, ਤਾਂ ਤੁਸੀਂ ਆਈ ਸੀ ਬੀ ਸੀ ਤੋਂ ਸੁਤੰਤਰ ਟ੍ਰਿਬਿਊਨਲ ਸਿਵਲ ਰੈਜ਼ੋਲਿਊਸ਼ਨ ਟ੍ਰਿਬਿਊਨਲ (CRT) ਕੋਲ ਵਿਵਾਦ ਨਾਲ ਨਿਪਟਣ ਲਈ ਅਰਜ਼ੀ ਫਾਈਲ ਕਰ ਸਕਦੇ ਹੋ। ਸੀ ਆਰ ਟੀ ਵਿਵਾਦ ਦੇ ਨਿਪਟਾਰੇ ਦੀਆਂ ਸੇਵਾਵਾਂ ਪ੍ਰਦਾਨ ਕਰਦੀ ਹੈ, ਜੇ ਦਾਅਵੇਦਾਰ ਕਲੇਮ ਦੇ ਕਿਸੇ ਪਹਿਲੂ ਨਾਲ ਸਹਿਮਤ ਨਹੀਂ ਹੁੰਦਾ, ਜਿਵੇਂ ਕਿ ਕੁਝ ਲਾਭਾਂ ਦੀ ਹੱਕਦਾਰੀ ਬਾਰੇ।
ਵਧੇਰੇ ਜਾਣਕਾਰੀ ਲਈ ਜਾਓ: civilresolutionbc.ca

ਦੂਸਰੀਆਂ ਚੋਣਾਂ ਵਿੱਚ ਸ਼ਾਮਲ ਹਨ: ਬੀ.ਸੀ. ਓਮਬਡਸਪਰਸਨ **(B.C. Ombudsperson)** ( bcombudsperson.ca) ਕੋਲ ਆਪਣੀ ਚਿੰਤਾ ਜ਼ਾਹਿਰ ਕਰਨਾ, ਜੋ ਇਹ ਨਿਰਧਾਰਤ ਕਰਨ ਵਿੱਚ ਸਹਾਇਤਾ ਕਰਦਾ ਹੈ ਕਿ ਕੀ ਬੀ.ਸੀ. ਸੂਬਾਈ ਜਾਂ ਸਥਾਨਕ ਜਨਤਕ ਅਥਾਰਟੀਆਂ ਨੇ ਨਿਰਪੱਖ ਅਤੇ ਵਾਜਬ ਢੰਗ ਨਾਲ ਕੰਮ ਕੀਤਾ ਹੈ, ਜਾਂ ਫੇਅਰਨੈੱਸ ਦਫਤਰ, ਜੋ ਕਿ ਆਈ ਸੀ ਬੀ ਸੀ ਬਾਰੇ ਨਿਰਪੱਖਤਾ ਨਾਲ ਸੰਬੰਧਿਤ ਸ਼ਿਕਾਇਤਾਂ ਦੀ ਸਮੀਖਿਆ ਕਰਨ ਲਈ ਜ਼ਿੰਮੇਵਾਰ ਹੋਵੇਗਾ।

ਤੁਹਾਡਾ ਕਲੇਮ ਪ੍ਰਤੀਨਿਧੀ ਤੁਹਾਡੀਆਂ ਚੋਣਾਂ ਬਾਰੇ ਦੱਸ ਸਕਦਾਹੈ। ਦਾਅਵੇ – ਵਿਵਾਦ ਅਤੇ ਅਪੀਲ ਅਧੀਨ ਵਧੇਰੇ ਜਾਣਕਾਰੀ icbc.com ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

## ਡਿਸਕਲੇਮਰ

ਇਸ ਪ੍ਰਕਾਸ਼ਨ ਦੀ ਜਾਣਕਾਰੀ ਦਾ ਉਦੇਸ਼ ਸਿਰਫ ਆਮ ਜਾਣਕਾਰੀ ਪ੍ਰਦਾਨ ਕਰਨਾ ਹੈ ਅਤੇ ਇਸ ਦਾ ਉਦੇਸ਼ ਕਵਰੇਜ, ਕਾਨੂੰਨੀ ਜਾਂ ਪੇਸ਼ਾਵਰ ਸਲਾਹ ਦੇਣਾ ਨਹੀਂ ਹੈ। ਅਸੀਂ ਇਨਹਾਂਸਡ ਐਕਸੀਡੈਂਟ ਲਾਭਾਂ ਨੂੰ ਸਮਝਣ ਅਤੇ ਇਨਹਾਂਸਡ ਐਕਸੀਡੈਂਟ ਲਾਭਾਂ ਨਾਲ ਸੰਬੰਧਿਤ ਕੁਝ ਕਾਨੂੰਨਾਂ ਦਾ ਵਰਣਨ ਕਰਨ ਲਈ ਸਾਧਾਰਣ ਭਾਸ਼ਾ ਦੀ ਵਰਤੋਂ ਕੀਤੀ ਹੈ। ਇਸ ਦਸਤਾਵੇਜ਼ ਵਿੱਚ ਦਿੱਤੀ ਜਾਣਕਾਰੀ ਬਿਨਾਂ ਨੋਟਿਸ ਦੇ ਬਦਲੀ ਜਾ ਸਕਦੀ ਹੈ। ਤੁਹਾਨੂੰ ਮੌਜੂਦਾ ਲਾਗੂ ਕਾਨੂੰਨਾਂ ਅਤੇ ਨਿਯਮਾਂ ਦੇ ਵਧੇਰੇ ਵਿਸਥਾਰਪੂਰਵਕ ਸ਼ਬਦਾਂ ਅਤੇ ਜ਼ਰੂਰਤਾਂ ਦਾ ਪਾਲਣ ਕਰਨਾ ਚਾਹੀਦਾ ਹੈ, ਭਾਵੇਂ ਉਹ ਇਸ ਪ੍ਰਕਾਸ਼ਨ ਵਿਚ ਦਿੱਤੇ ਸ਼ਬਦਾਂ ਅਤੇ ਜ਼ਰੂਰਤਾਂ ਦਾ ਖੰਡਨ ਕਰਦੇ ਹੋਣ। ਆਈ ਸੀ ਬੀ ਸੀ ਦੁਆਰਾ ਦਿੱਤੀ ਜਾਂਦੀ ਇੰਸ਼ੋਰੈਂਸ ਕਵਰੇਜ ਦੀਆਂ ਸ਼ਰਤਾਂ ਅਤੇ ਨਿਯਮ ਇੰਸ਼ੋਰੈਂਸ (ਵਾਹਨ) ਐਕਟ ਅਤੇ ਇਨਹਾਂਸਡ ਐਕਸੀਡੈਂਟ ਬੈਨੀਫਿੱਟਸ ਰੈਗੂਲੇਸ਼ਨ ਵਿੱਚ ਦਿੱਤੀਆਂ ਗਈਆਂ ਹਨ ਅਤੇ bclaws.gov.bc.ca ’ਤੇ ਉਪਲਬਧ ਹਨ।

ਇਸ ਦਸਤਾਵੇਜ਼ ਵਿੱਚ ਲਾਭ ਦੀ ਰਕਮ 1 ਅਪ੍ਰੈਲ, 2024 ਤੋਂ ਲਾਗੂ ਹੈ ਅਤੇ ਮਹਿੰਗਾਈ ਲਈ ਹਰ ਸਾਲ ਐਡਜਸਟ ਕੀਤੀ ਜਾਂਦੀ ਹੈ।